## ਦਫਤਰ ਉਪ ਮੰਡਲ ਮੈਜਿਸਟਰੇਟ-ਕਮ-ਚੋਣਕਾਰ ਰਜਿਸਟਰੇਸ਼ਨ ਅਫਸਰ

### 090-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ

**OFFICE OF THE SUB DIVISIONAL MAGISTRATE-Cum-ELECTORAL REGISTRATION OFFICE**
**90-RAMPURA PHUL A.C.**

Phone No.01651-248225 Fax No. 01651-248025 E-mail: ero90rampuraphul@gmail.com

ਜਿੰਮੇਵਾਰ ਬਣੋ, ਵੋਟਰ ਬਣੋ | ਜਿੰਮੇਵਾਰ ਬਣੋ, ਵੋਟਰ ਬਣੋ

ਵੱਲ

1. ਜਿਲ੍ਹਾ ਸਿੱਖਿਆ ਅਫਸਰ, ਬਠਿੰਡਾ (ਸੈਕ ਅਤੇ ਐਲੀ.) ;
2. ਕਾਰਜਕਾਰੀ ਇੰਜੀਨੀਅਰ, ਕਨਾਲ ਲਾਈਨਿੰਗ ਡਵੀਜਨ, ਰਾਮਪੁਰਾ;
3. ਕਾਰਜਕਾਰੀ ਇੰਜੀਨੀਅਰ ,.ਵਿ.ਨਿ.ਲੋ ,02 .ਉਸਾਰੀ ਮੰਡਲ ਨੰ ,ਬ ਤੇ ਮ ਸ਼ਾਖਾ, ਬਠਿੰਡਾ;
4. ਕਾਰਜਕਾਰੀ ਇੰਜੀਨੀਅਰ ,.ਵਿ.ਨਿ.ਲੋ ,02 .ਨੈਸ਼ਨਲ ਹਾਈਵੇ ਮੰਡਲ ਨੰ ,ਬ ਤੇ ਮ ਸ਼ਾਖਾ, ਬਠਿੰਡਾ;
5. ਸੀਨੀਅਰ ਮੈਡੀਕਲ ਅਫਸਰ, ਭਗਤਾ/ਰਾਮਪੁਰਾ/ਨਥਾਣਾ;
6. ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਭਗਤਾ/ਫੂਲ;
7. ਕਾਰਜਕਾਰੀ ਇੰਜੀਨੀਅਰ, ਪੀ.ਐੱਸ.ਪੀ.ਸੀ.ਐੱਲ, ਰਾਮਪੁਰਾ ਫੂਲ/ ਭਗਤਾ;
8. ਖੇਤੀਬਾੜੀ ਅਫ਼ਸਰ , ਫੂਲ;
9. ਜਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ, ਬਠਿੰਡਾ/ਰਾਮਪੁਰਾ/ਭਗਤਾ/ਫਰੀਦਕੋਟ
10. ਬਾਲ ਵਿਕਾਸ ਪ੍ਰੋਜੈਕਟ ਅਫਸਰ , ਫੂਲ/ਭਗਤਾ
11. ਕਾਰਜ ਸਾਧਕ ਅਫਸਰ, ਨਗਰ ਕੌਂਸਲ, ਰਾਮਪੁਰਾ ਫੂਲ
12. ਕਾਰਜ ਸਾਧਕ ਅਫਸਰ, ਪੰਚਾਇਤ ਅਫਸਰ, ਮਲੂਕਾ/ਕੋਠਾ ਗੁਰੂ/ ਮਹਿਰਾਜ/ ਭਗਤਾ/ ਭਾਈਰੂਪਾ
13. ਮੈਨੇਜਰ, ਮਾਰਕਫੈਡ ,ਰਾਮਪੁਰਾ ਫੂਲ।
14. ਮੈਨੇਜਰ ਪਨਸਪ, ਰਾਮਪੁਰਾ ਫੂਲ।
15. ਡੀਨ, ਕਾਲਜ ਆਫ ਇੰਜੀਨੀਅਰਿੰਗ ਐਂਡ ਮੈਨੇਜਮੈਂਟ, ਰਾਮਪੁਰਾ
16. ਪ੍ਰਿੰਸੀਪਲ, ਟੀ.ਪੀ.ਡੀ. ਮਾਲਵਾ ਕਾਲਜ, ਫੂਲ, ਮਹਿਰਾਜ

ਪੱਤਰ ਨੰ. 908 - 923 /ਚੋਣ ਸ਼ਾਖਾ ਮਿਤੀ- 26/09/2025

ਵਿਸ਼ਾ:- ਯੋਗਤਾ ਮਿਤੀ 01.01.2026 ਲਈ Special Intensive Revision (SIR) ਵੋਟਰ ਸੂਚੀਆਂ ਦੀ ਸੁਧਾਈ ਸਬੰਧੀ।

ਹਵਾਲਾ:- ਜਿਲ੍ਹਾ ਚੋਣ ਅਫਸਰ ਬਠਿੰਡਾ ਜੀ ਦਾ ਪੱਤਰ ਨੰ. 1745-50 ਮਿਤੀ 16.09.2025 ਸਬੰਧੀ।

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿਚ ਮਾਨਯੋਗ ਮੁੱਖ ਚੋਣ ਅਫਸਰ ਪੰਜਾਬ ਚੰਡੀਗੜ੍ਹ ਦੀਆਂ ਹਦਾਇਤਾਂ ਮੁਤਾਬਕ ਮਿਤੀ 01.01.2026 ਲਈ Special Intensive Revision (SIR) ਦਾ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਮੁਤਾਬਕ ਵੋਟਰ ਸੂਚੀ ਸਾਲ 2003 ਦੀ ਫਾਈਨਲ ਵੋਟਰ ਸੂਚੀ ਦਾ ਮਿਲਾਣ ਸਾਲ 2025 ਨਾਲ ਕਰਕੇ ਕੈਟਾਗਿਰੀ ਵਾਇਜ਼ (A,B,C,D,E,F,G) ਅਨੁਸਾਰ ਵੋਟਰਾਂ ਦਾ ਡਾਟਾ ਦਿੱਤੇ ਲਿੰਕ https://elections.punjab.gov.in/revision2026 ਤੱਕ ਅਪਲੋਡ ਕੀਤਾ ਜਾਣਾ ਹੈ। ਰੋਜ਼ਾਨਾ ਕੀਤੇ ਕੰਮ ਦੀ ਰਿਪੋਰਟ ਮਾਨਯੋਗ ਜਿਲ੍ਹਾ ਚੋਣ ਅਫਸਰ ਬਠਿੰਡਾ ਜੀ ਨੂੰ ਭੇਜੀ ਜਾਦੀ ਹੈ। ਇਸ ਲਈ ਆਪ ਦੇ ਅਧੀਨ ਆਉਂਦੇ ਕਰਮਚਾਰੀ ਜਿੰਨਾ ਦੀ ਡਿਊਟੀ ਹਲਕਾ 090 ਰਾਮਪੁਰਾ ਫੂਲ ਵਿਖੇ ਬੂਥ ਲੈਵਲ ਅਫਸਰ ਲੱਗੀ ਹੈ, ਇਨ੍ਹਾਂ ਨੂੰ ਆਪਣੇ ਪਿੱਤਰੀ ਵਿਭਾਗ ਤੋਂ ਮਿਤੀ 27.09.2025 ਤੋਂ 30.09.2025 ਤੱਕ ਫਾਰਗ ਕੀਤਾ ਜਾਵੇ ਅਤੇ ਜੇਕਰ ਇਨਾਂ ਕਰਮਚਾਰੀਆਂ ਦੀਆਂ ਡਿਊਟੀਆਂ ਆਪਣੇ ਸਕੂਲ/ਵਿਭਾਗ ਵਿਚ ਕਿਸੇ ਹੋਰ ਕੰਮ ਲਈ ਲੱਗੀਆਂ ਹੋਈਆਂ ਹਨ, ਤਾਂ ਆਪ ਵਲੋਂ ਇਨ੍ਹਾਂ ਦਾ ਬਦਲਵਾਂ ਪ੍ਰਬੰਧ ਕੀਤਾ ਜਾਵੇ। ਫਾਰਗ ਕਰਨ ਉਪਰੰਤ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।

ਇਸ ਤੋਂ ਇਲਾਵਾ ਬੀ.ਐੱਲ.ਓਜ਼ ਨੂੰ ਲਿਖਿਆ ਜਾਂਦਾ ਹੈ ਕਿ ਮੁੱਖ ਚੋਣ ਅਫਸਰ ਪੰਜਾਬ, ਚੰਡੀਗੜ੍ਹ ਦੀਆਂ ਹਦਾਇਤਾਂ ਮੁਤਾਬਕ ਇਹ ਕੰਮ ਮਿਤੀ-30.09.2025 ਤੱਕ ਪੂਰਾ ਕਰਨਾ ਯਕੀਨੀ ਬਣਾਇਆ ਜਾਵੇ। ਸਮੂਹ ਸੁਪਰਵਾਈਜ਼ਰ ਆਪਣੇ ਅਧੀਨ ਆਉਂਦੇ ਬੀ.ਐੱਲ.ਓਜ਼ ਦੇ ਕੰਮ ਦੀ ਪ੍ਰੋਗਰੈਸ ਲਈ ਜਿੰਮੇਵਾਰ ਹੋਣਗੇ ਅਤੇ ਇਸ ਕੰਮ ਨੂੰ ਸਮੇਂ ਸਿਰ ਨੇਪਰੇ ਚੜ੍ਹਾਉਣਾ ਯਕੀਨੀ ਬਣਾਉਣਗੇ।

ਚੋਣਕਾਰ ਰਜਿਸਟਰੇਸ਼ਨ ਅਫਸਰ-ਕਮ
ਉਪ ਮੰਡਲ ਮੈਜਿਸਟਰੇਟ, ਰਾਮਪੁਰਾ ਫੂਲ।
090-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ।

ਪਿੱਠ ਅੰਕਣ ਨੰ. 924 /ਚੋਣ ਸ਼ਾਖਾ ਮਿਤੀ-26/09/2025

ਇਸ ਦਾ ਇੱਕ ਉਤਾਰਾ:

1. ਜਿਲ੍ਹਾ ਚੋਣ ਅਫਸਰ, ਬਠਿੰਡਾ ਪਾਸ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਚੋਣਕਾਰ ਰਜਿਸਟਰੇਸ਼ਨ ਅਫਸਰ-ਕਮ
ਉਪ ਮੰਡਲ ਮੈਜਿਸਟਰੇਟ, ਰਾਮਪੁਰਾ ਫੂਲ।
090-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ।

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

ਪਿਠ ਅੰਕਣ ਨੰ ਜੀ-1/1 ( )2025/ 6432 ਮਿਤੀ 29-09-2025

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ , ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ
29/09/25